3-Jan-3Star-Rashtri.qxd 03-Jan-22 9:10 PM Page 1

CMYK







# ਸੱਚੀ ਸਹੇਲੀ®

ਆਯੁਰਵੈਦਿਕ ਔਸ਼ਧੀ ਟਾਨਿਕ

ਮਲਟੀਟਾਸਕਿੰਗ ਮਹਿਲਾਵਾਂ ਦਾ ਭਰੋਸੇਮੰਦ ਟਾਨਿਕ

Helps In :

• ਚਿੜਚਿੜਾਪਨ • ਥਕਾਨ • ਕਮਜ਼ੋਰੀ • ਕਮਰ ਕੱਟਣਾ • ਇਮਿਊਨਿਟੀ

67 ਦੁਰਲੱਭ ਕੁਦਰਤੀ ਜੜ੍ਹੀ-ਬੂਟੀਆਂ ਤੋਂ ਬਣਿਆ 'ਸੱਚੀ ਸਹੇਲੀ' ਆਯੁਰਵੈਦਿਕ ਟਾਨਿਕ ਅਤੇ ਟੈਬਲੇਟਸ

WORLD'S GREATEST BRANDS 2015-16 IUA

INDIA'S MOST TRUSTED BRAND

24x7 Helpline : 77106 44444
www.facebook.com/sachisaheli
AVAILABLE AT ALL MEDICAL & GENERAL STORES

Ayurvedic Tonic
Safe for daily use
No Side Effects






ਅਦਾਕਾਰ ਤੇ ਗਾਇਕ ਗਿੱਪੀ ਗਰੇਵਾਲ ਪਰਿਵਾਰ ਸਮੇਤ ਆਪਣੇ ਬੇਟੇ ਗੁਰਬਾਜ਼ ਗਰੇਵਾਲ ਗਿੱਪੀ ਦੇ ਲੋਹੜੀ ਸਮਾਗਮ ਨੂੰ ਮਨਾਉਂਦੇ ਹੋਏ।

# ਦੱਖਣੀ ਅਫ਼ਰੀਕਾ ਖ਼ਿਲਾਫ਼ ਦੂਸਰੇ ਟੈਸਟ ਤੋਂ ਕੋਹਲੀ ਬਾਹਰ

## ਰਾਹੁਲ ਕਰਨਗੇ ਕਪਤਾਨੀ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਭਾਰਤੀ ਟੈਸਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਦੱਖਣੀ ਅਫਰੀਕਾ ਖ਼ਿਲਾਫ਼ ਵਾਂਡਰਸ ਸਟੇਡੀਅਮ 'ਚ ਖੇਡੇ ਜਾ ਰਹੇ ਦੂਸਰੇ ਟੈਸਟ ਮੈਚ ਤੋਂ ਬਾਹਰ ਹੋ ਗਏ ਤੇ ਹੁਣ ਕੇ.ਐੱਲ. ਰਾਹੁਲ ਟੀਮ ਇੰਡੀਆ ਦੀ ਕਪਤਾਨੀ ਕਰ ਰਹੇ ਹਨ। ਕੋਹਲੀ ਦੀ ਥਾਂ ਹਨੁਮਾ ਵਿਹਾਰੀ ਨੂੰ ਪਲੇਇੰਗ ਇਲੈਵਨ 'ਚ ਮੌਕਾ ਦਿੱਤਾ ਗਿਆ ਹੈ। ਟਾਸ ਦੌਰਾਨ ਰਾਹੁਲ ਨੇ ਕਿਹਾ ਕਿ ਬਦਕਿਸਮਤੀ ਨਾਲ ਵਿਰਾਟ ਦੀ ਪਿੱਠ ਦੇ ਉੱਪਰਲੇ ਹਿੱਸੇ 'ਚ ਕੜਵੱਲ ਹੈ, ਫਿਜ਼ੀਓ ਉਸ 'ਤੇ ਕੰਮ ਕਰ ਰਿਹਾ ਹੈ ਅਤੇ ਉਮੀਦ ਹੈ ਕਿ ਉਹ ਅਗਲੇ ਟੈਸਟ ਤੱਕ ਠੀਕ ਹੋ ਜਾਣਗੇ। ਪਹਿਲੀ ਵਾਰ ਟੈਸਟ ਟੀਮ ਦੀ ਕਪਤਾਨੀ ਕਰ ਰਹੇ ਰਾਹੁਲ ਨੇ ਕਿਹਾ ਕਿ ਆਪਣੇ ਦੇਸ਼ ਦੀ ਕਪਤਾਨੀ ਕਰਨਾ ਹਰ ਭਾਰਤੀ ਖਿਡਾਰੀ ਦਾ ਸੁਪਨਾ ਹੁੰਦਾ ਹੈ। ਸੱਚਮੁੱਚ ਸਨਮਾਨਿਤ ਤੇ ਇਸ ਚੁਣੌਤੀ ਦੀ ਉਡੀਕ ਕਰ ਰਿਹਾ ਹਾਂ। ਅਸੀਂ ਇੱਥੇ ਕੁਝ ਚੰਗੀਆਂ ਜਿੱਤਾਂ ਪ੍ਰਾਪਤ ਕੀਤੀਆਂ ਹਨ ਅਤੇ ਉਮੀਦ ਹੈ ਕਿ ਅਸੀਂ ਇਸ ਨੂੰ ਜਾਰੀ ਰੱਖਣਾ ਚਾਹਾਂਗੇ। ਪਲੇਇੰਗ ਇਲੈਵਨ 'ਚ ਬਦਲਾਅ 'ਤੇ ਰਾਹੁਲ ਨੇ ਕਿਹਾ, ਵਿਰਾਟ ਦੀ ਜਗ੍ਹਾ ਹਨੁਮਾ ਵਿਹਾਰੀ ਆਏ ਹਨ।





ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ

# ਪੰਥਕ ਵਿਦਵਾਨ ਤੇ ਚਿੰਤਕ ਭਗਵਾਨ ਸਿੰਘ ਜੌਹਲ ਦਾ ਸਿੰਘ ਸਭਾ ਡਰਬੀ ਵਿਖੇ ਸਨਮਾਨ

ਲੰਡਨ, 3 ਜਨਵਰੀ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਨਵੇਂ ਸਾਲ ਦੇ ਸੰਬੰਧ ਵਿਚ ਵਿਸ਼ੇਸ਼ ਸਮਾਗਮ ਕਰਵਾਏ ਗਏ। ਇਸ ਮੌਕੇ ਪਾਠ ਦੇ ਭੋਗ ਉਪਰੰਤ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਇਸ ਦੌਰਾਨ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਚਿੰਤਕ ਭਗਵਾਨ ਸਿੰਘ ਜੌਹਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਿੱਖ ਸੰਗਤਾਂ ਨੂੰ ਆਪਣੇ ਇਤਿਹਾਸ ਨੂੰ ਪੜ੍ਹਨ ਘੋਖਣ ਅਤੇ ਇਤਿਹਾਸ ਤੋਂ ਸਬਕ ਲੈ ਕੇ ਅੱਗੇ ਵਧਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਿੰਘ ਸਭਾ ਵਿਖੇ ਸਿੱਖ ਅਜਾਇਬ ਵਿਚ ਜਿੱਥੇ ਆਪਣੇ ਇਤਿਹਾਸ ਅਤੇ ਵਿਰਾਸਤ ਨਾਲ ਸੰਬੰਧਿਤ ਨਾਯਾਬ ਵਸਤੂਆਂ ਨੂੰ ਸਾਂਭਿਆ ਹੋਇਆ ਹੈ, ਉੱਥੇ ਹੀ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਜਾਣੂ ਕਰਵਾਉਣ ਲਈ ਅਹਿਮ ਯੋਗਦਾਨ ਪਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਵਲੋਂ ਜੌਹਲ ਨੂੰ ਸਿਰੋਪਾਓ ਅਤੇ ਪਾਕਿਸਤਾਨ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਜਾਰੀ ਕੀਤੇ ਸਿੱਕੇ ਨਾਲ ਨਿਵਾਜਿਆ ਗਿਆ। ਇਸ ਮੌਕੇ ਰਾਜਿੰਦਰ ਸਿੰਘ ਪੁਰੇਵਾਲ, ਡਾ: ਦਲਜੀਤ ਸਿੰਘ ਵਿਰਕ, ਭਾਈ ਲਖਵੀਰ ਸਿੰਘ, ਭਾਈ ਹਰਪਾਲ ਸਿੰਘ ਦਾਦੂਵਾਲ, ਆਤਮਜੀਤ ਸਿੰਘ, ਹਰਪਿੰਦਰ ਸਿੰਘ ਕੰਗ, ਤਰਸੇਮ ਸਿੰਘ ਮੰਡੇਰ ਆਦਿ ਹਾਜ਼ਰ ਸਨ।

# ਅਦਾਕਾਰ ਪ੍ਰੇਮ ਚੋਪੜਾ ਤੇ ਉਨ੍ਹਾਂ ਦੀ ਪਤਨੀ ਕੋਰੋਨਾ ਪਾਜ਼ੀਟਿਵ, ਹਸਪਤਾਲ ਦਾਖ਼ਲ



ਮੁੰਬਈ, 3 ਜਨਵਰੀ (ਏਜੰਸੀ)- ਪ੍ਰਮੁੱਖ ਅਦਾਕਾਰ ਪ੍ਰੇਮ ਚੋਪੜਾ ਤੇ ਉਨ੍ਹਾਂ ਦੀ ਪਤਨੀ ਉਮਾ ਚੋਪੜਾ ਦੇ ਕੋਰੋਨਾ ਪਾਜ਼ੀਟਿਵ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਥੇ ਦੇ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਡਾ. ਜਲੀਲ ਪਾਰਕਰ ਮੁਤਾਬਿਕ 86 ਸਾਲਾ ਅਦਾਕਾਰ ਆਪਣੀ ਪਤਨੀ ਸਮੇਤ ਇਥੇ ਲੀਲਾਵਤੀ ਹਸਪਤਾਲ 'ਚ ਦਾਖਲ ਹਨ। ਉਨ੍ਹਾਂ ਕਿਹਾ ਕਿ ਇਕ ਦੋ ਦਿਨਾਂ ਤੱਕ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਸਪਤਾਲ 'ਚ ਡਾਕਟਰੀ ਟੀਮ ਵਲੋਂ ਉਨ੍ਹਾਂ ਦੀ ਦੇਖ ਰੇਖ ਕੀਤੀ ਜਾ ਰਹੀ ਹੈ।

# ਜਾਨ ਅਬ੍ਰਾਹਮ ਤੇ ਉਨ੍ਹਾਂ ਦੀ ਪਤਨੀ ਪ੍ਰਿਆ ਕੋਰੋਨਾ ਪਾਜ਼ੀਟਿਵ

## ਏਕਤਾ ਕਪੂਰ ਵੀ ਕੋਰੋਨਾ ਪਾਜ਼ੀਟਿਵ

ਨਵੀਂ ਦਿੱਲੀ/ਮੁੰਬਈ, 3 ਜਨਵਰੀ (ਏਜੰਸੀ)- ਪਿਛਲੇ ਮਹੀਨੇ ਕਈ ਬਾਲੀਵੁੱਡ ਸਿਤਾਰੇ ਕਰੀਨਾ ਕਪੂਰ ਖਾਨ, ਸ਼ਨਾਇਆ ਕਪੂਰ, ਅਰਜੁਨ ਕਪੂਰ ਤੇ ਹੋਰਾਂ ਸਮੇਤ ਕਈ ਮਸ਼ਹੂਰ ਹਸਤੀਆਂ ਦਾ ਕੋਵਿਟ ਟੈਸਟ ਪਾਜ਼ੀਟਿਵ ਆਇਆ ਸੀ। ਹੁਣ ਜਾਨ ਅਬ੍ਰਾਹਮ ਨੇ ਆਪਣੇ ਪ੍ਰਸ਼ੰਸਕਾਂ ਨੂੰ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਪ੍ਰਿਆ ਕੋਵਿਡ ਪਾਜ਼ੀਟਿਵ ਹਨ। ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਇਕ ਨੋਟ ਸ਼ੇਅਰ ਕਰਦਿਆਂ ਜਾਨ ਅਬ੍ਰਾਹਮ ਨੇ ਲਿਖਿਆ ਕਿ ਮੈਂ 3 ਦਿਨ ਪਹਿਲਾਂ ਕਿਸੇ ਦੇ ਸੰਪਰਕ 'ਚ ਆਇਆ, ਜਿਸ ਬਾਰੇ ਬਾਅਦ 'ਚ ਪਤਾ ਲੱਗਾ ਕਿ ਉਸ ਨੂੰ ਕੋਵਿਡ ਪਾਜ਼ੀਟਿਵ ਹੈ। ਪ੍ਰਿਆ ਤੇ ਮੈਂ ਟੈਸਟ ਤੋਂ ਬਾਅਦ ਕੋਵਿਡ ਪਾਜ਼ੀਟਿਵ ਆਏ ਹਾਂ। ਸਾਨੂੰ ਘਰ ਵਿਚ ਇਕਾਂਤਵਾਸ ਕੀਤਾ ਗਿਆ ਹੈ। ਸਾਡੇ 'ਚ ਸਿਰਫ਼ ਹਲਕੇ ਲੱਛਣ ਹਨ। ਕਿਰਪਾ ਕਰਕੇ ਆਪਣਾ ਖਿਆਲ ਰੱਖੋ ਤੇ ਤੰਦਰੁਸਤ ਰਹੋ। ਫਿਲਮ ਤੇ ਟੈਲੀਵਿਜ਼ਨ ਪ੍ਰੋਡਿਊਸਰ ਏਕਤਾ ਕਪੂਰ ਨੇ ਸੋਮਵਾਰ ਨੂੰ ਦੱਸਿਆ ਕਿ ਉਨ੍ਹਾਂ ਦਾ ਕੋਰੋਨਾ ਟੈਸਟ ਪਾਜ਼ੀਟਿਵ ਆਇਆ ਹੈ, ਪਰ ਉਹ ਠੀਕ ਮਹਿਸੂਸ ਕਰ ਰਹੇ ਹਨ। 46 ਸਾਲਾ ਫਿਲਮ ਨਿਰਮਾਤਾ ਨੇ ਇੰਸਟਾਗ੍ਰਾਮ 'ਤੇ ਇਹ ਜਾਣਕਾਰੀ ਸਾਂਝੀ ਕੀਤੀ। ਆਪਣੀ ਪੋਸਟ 'ਤੇ ਉਨ੍ਹਾਂ ਲਿਖਿਆ ਕਿ ਉਹ ਕੋਰੋਨਾ ਪਾਜ਼ੀਟਿਵ ਪਾਈ



ਗਈ ਹੈ ਤੇ ਜੋ ਵੀ ਉਸ ਦੇ ਸੰਪਰਕ 'ਚ ਆਏ ਹਨ, ਉਹ ਆਪਣਾ ਕੋਰੋਨਾ ਟੈਸਟ ਜ਼ਰੂਰ ਕਰਵਾਉਣ।



ਗੁਰੂ ਘਰ ਦੀ ਕਮੇਟੀ ਵਲੋਂ ਮਾਤਾ ਗੁਰਮੇਲ ਕੌਰ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼ ਅਤੇ ਭਾਈ ਪ੍ਰਮਿੰਦਰਜੀਤ ਸਿੰਘ ਕੀਰਤਨ ਕਰਦੇ ਹੋਏ।

# ਸਿੱਖ ਸਪਿਰਚੁਅਲ ਸੈਂਟਰ ਟੋਰਾਂਟੋ ਵਿਖੇ ਧਾਰਮਿਕ ਸਮਾਗਮ

ਟੋਰਾਂਟੋ, 3 ਜਨਵਰੀ (ਹਰਜੀਤ ਸਿੰਘ ਬਾਜਵਾ)- ਸਿੱਖ ਸਪਿਰਚੁਅਲ ਸੈਂਟਰ (ਗੁਰਦੁਆਰਾ ਸਾਹਿਬ) ਰੈਕਸਡੇਲ ਟੋਰਾਂਟੋ ਵਿਖੇ ਨਵੇਂ ਸਾਲ ਦੀ ਆਮਦ 'ਤੇ ਕਰਵਾਏ ਧਾਰਮਿਕ ਸਮਾਗਮਾਂ ਦੌਰਾਨ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਇਸ ਦੌਰਾਨ ਗੁਰੂ ਘਰ ਵਿਖੇ ਨਿਰੰਤਰ ਸੇਵਾ ਕਰ ਰਹੇ ਬੀਬੀ ਗੁਰਮੇਲ ਕੌਰ ਢਿੱਲੋਂ ਨੂੰ ਗੁਰੂ ਘਰ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਕਈ ਹੋਰ ਵੀ ਸੇਵਾਦਰਾਂ ਨੂੰ ਸਨਮਾਨਿਆ ਗਿਆ। ਇਸ ਮੌਕੇ ਜਿੱਥੇ ਭਾਈ ਰਮਨਪ੍ਰੀਤ ਸਿੰਘ, ਭਾਈ ਭਪਿੰਦਰ ਸਿੰਘ ਦੇ ਰਾਗੀ ਜਥੇ ਅਤੇ ਭਾਈ ਪ੍ਰਮਿੰਦਰਜੀਤ ਸਿੰਘ ਵਲੋਂ ਕੀਰਤਨ ਕੀਤਾ ਗਿਆ ਉੱਥੇ ਹੀ ਕਥਾਵਾਚਾਕ ਭਾਈ ਗੁਲਜ਼ਾਰ ਸਿੰਘ ਵਲੋਂ ਕਥਾ ਕਰਕੇ ਹਾਜ਼ਰੀ ਲੁਆਈ ਗਈ। ਇਸ ਮੌਕੇ ਗੁਰਮੇਲ ਸਿੰਘ ਲਾਲੀ, ਬਿੱਟੂ ਸਿੰਘ ਨਸਰਾਲੀ, ਅਮਰਜੀਤ ਸਿੰਘ ਅਤੇ ਹਰਜੀਤ ਸਿੰਘ ਵਲੋਂ ਸੰਗਤਾਂ ਦਾ ਧੰਨਵਾਦ ਕਰਦਿਆਂ ਰਾਗੀ ਜਥਿਆਂ ਤੇ ਗੁਰੂ ਘਰ ਦੇ ਕਥਾਵਾਚਕ ਨੂੰ ਵੀ ਸਨਮਾਨਿਤ ਕੀਤਾ ਗਿਆ।

# ਕੈਨੇਡਾ 'ਚ ਨਵੇਂ ਸਾਲ ਦੇ ਦਿਨ ਖੇਤਾਂ 'ਚ ਗੋਲੀਆਂ ਚਲਾਉਂਦੇ 17 ਕਾਬੂ

## ਪੁਲਿਸ ਨੂੰ 8 ਬੰਦੂਕਾਂ ਬਰਾਮਦ, ਸ਼ੱਕੀਆਂ 'ਚ 10 ਬਰੈਂਪਟਨ ਵਾਸੀ

ਟੋਰਾਂਟੋ, 3 ਜਨਵਰੀ (ਸਤਪਾਲ ਸਿੰਘ ਜੌਹਲ)-ਕੈਨੇਡਾ ਦੇ ਉਂਟਾਰੀਓ ਪ੍ਰਾਂਤ ਦੇ ਦੱਖਣ 'ਚ ਬੈਰੀ ਸ਼ਹਿਰ ਦੇ ਪੱਛਮ 'ਚ ਪੇਂਡੂ ਇਲਾਕਿਆਂ ਦੇ ਖੇਤਾਂ ਵਿਚ ਗੋਲੀਆਂ ਚਲਾਉਣ ਅਤੇ ਘਰ ਵਿਚ ਗੈਰਕਾਨੂੰਨੀ ਤਰੀਕੇ ਨਾਲ਼ ਹਥਿਆਰ ਰੱਖਣ ਦੇ ਦੋਸ਼ਾਂ ਤਹਿਤ ਪੁਲਿਸ ਨੇ ਕਾਊਂਟੀ ਰੋਡ 17 ਸਥਿਤ ਇਕ ਘਰ (ਫਾਰਮ) ਅੰਦਰੋਂ 17 ਸ਼ੱਕੀ (ਉਮਰ22 ਤੋਂ 49 ਸਾਲ) ਹਿਰਾਸਤ ਵਿਚ ਲਏ ਹਨ ਜਿਨ੍ਹਾਂ ਵਿਰੁੱਧ 28 ਮਾਮਲੇ ਦਰਜ ਕੀਤੇ ਗਏ ਹਨ। ਪੁਲਿਸ ਨੇ ਉਨ੍ਹਾਂ ਤੋਂ 8 ਬੰਦੂਕਾਂ, ਪਿਸਤੌਲ ਅਤੇ ਗੋਲੀਸਿੱਕਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ ਅਤੇ ਅਜੇ ਇਕ ਹੋਰ ਸ਼ੱਕੀ ਦੀ ਭਾਲ਼ ਜਾਰੀ ਹੈ। ਖੇਤਾਂ ਵਿਚੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦੇਣ ਤੋਂ ਬਾਅਦ ਲੋਕਾਂ ਨੇ ਪੁਲਿਸ ਨੂੰ ਚੌਕਸ ਕੀਤਾ ਸੀ, ਜਿਸ ਤੋਂ ਬਾਅਦ ਕਾਰਵਾਈ ਕਰਕੇ ਕੈਂਬਰਿਜ ਦੇ ਬਿਲਾਵਲ ਛੀਨਾ (27), ਸ਼ਹਿਬਾਜ਼ ਛੀਨਾ (27) ਤੇ ਸਵਦੀਪਰਾਜ ਸਿੰਘ (49), ਲੰਦਨ ਵਾਸੀ ਜਸਕਰਨ ਲੀਘਾ (22) ਤੇ ਵਰਿੰਦਰ ਤੂਰ (23), ਮਾਂਟਰੀਅਲ ਵਾਸੀ ਅਭਿਕਰਨ ਸਿੰਘ (26), ਬਰੈਂਪਟਨ ਵਾਸੀ ਵਿਸ਼ਵਜੀਤ ਭੰਡੋਲ (30), ਹਰਨੂਰ ਸੰਧੂ (23), ਪ੍ਰਨਵ ਸ਼ਰਮਾ (24), ਅਜੇਬੀਰ ਸਿੰਘ (23), ਬਲਜਿੰਦਰ ਸਿੰਘ (27), ਗੁਰਕੀਰਤ ਸਿੰਘ (26), ਗੁਰਸ਼ਰਨਜੀਤ ਸਿੰਘ (27), ਕਰਨਪ੍ਰੀਤ ਸਿੰਘ (25), ਕੁਲਵਿੰਦਰ ਸਿੰਘ (30), ਪਰਵਿੰਦਰ ਸਿੰਘ (25) ਅਤੇ ਕੈਲਗਰੀ ਵਾਸੀ ਮਨਦੀਪ ਸਿੰਘ (26) ਵਿਰੁੱਧ ਮੌਕੇ 'ਤੇ ਕਾਰਵਾਈ ਕਰਕੇ ਅਸਲਾ ਜ਼ਬਤ ਕੀਤਾ ਗਿਆ। ਸਾਰੇ ਸ਼ੱਕੀ ਮਾਰਚ 'ਚ ਓਰੇਂਜਵਿੱਲ ਵਿਖੇ ਅਦਾਲਤ 'ਚ ਪੇਸ਼ ਹੋਣਗੇ।



ਕਥਿਤ ਦੋਸ਼ੀਆਂ ਤੋਂ ਜ਼ਬਤ ਕੀਤਾ ਗਿਆ ਅਸਲਾ। ਅਜੀਤ ਤਸਵੀਰਾਂ

# ਅਮਰੀਕੀ ਰੱਖਿਆ ਸਕੱਤਰ ਔਸਟਿਨ ਨੂੰ ਹੋਇਆ ਕੋਰੋਨਾ

ਵਾਸ਼ਿੰਗਟਨ, 3 ਜਨਵਰੀ (ਏਜੰਸੀ)- ਅਮਰੀਕਾ ਦੇ ਰੱਖਿਆ ਸਕੱਤਰ ਲੋਇਡ ਜੇ ਔਸਟਿਨ ਦੇ ਕੋਰੋਨਾ ਪੀੜਤ ਹੋਣ ਦੀ ਸੂਚਨਾ ਹੈ। ਉਨ੍ਹਾਂ ਆਪਣੇ ਟਵਿੱਟਰ 'ਤੇ ਪਾਈ ਪੋਸਟ 'ਚ ਦੱਸਿਆ ਕਿ ਮੈਂ ਇਸ ਸਵੇਰ ਤੋਂ ਕੋਰੋਨਾ ਪਾਜ਼ੀਟਿਵ ਹੋ ਗਿਆ ਹਾਂ। ਉਨ੍ਹਾਂ ਕਿਹਾ ਕਿ ਜਦੋਂ ਮੈਂ ਘਰ ਛੁੱਟੀ 'ਤੇ ਸੀ ਤਾਂ ਹਲਕੇ ਲੱਛਣਾਂ ਕਾਰਨ ਆਪਣਾ ਕੋਰੋਨਾ ਟੈਸਟ ਕਰਵਾਇਆ, ਮੇਰੇ 'ਚ ਕੋਰੋਨਾ ਦੇ ਹਲਕੇ ਲੱਛਣ ਹਨ ਤੇ ਮੈਂ ਡਾਕਟਰਾਂ ਵਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰ ਰਿਹਾ ਹਾਂ।



# ਇਟਾਲੀਅਨ ਗੋਰੀ ਨੇ ਉੱਤਰਾਖੰਡ 'ਚ ਇਕ ਲੋੜਵੰਦ ਬੱਚੇ ਦੀ ਸਾਰੀ ਪੜ੍ਹਾਈ ਦੇ ਖਰਚ ਦੀ ਚੁੱਕੀ ਜ਼ਿੰਮੇਵਾਰੀ

ਵੈਨਿਸ (ਇਟਲੀ), 3 ਜਨਵਰੀ (ਹਰਦੀਪ ਸਿੰਘ ਕੰਗ)- ਸਮਾਜਿਕ ਭਲਾਈ ਦੇ ਜ਼ਜ਼ਬੇ ਦੇ ਚਲਦਿਆਂ ਇਟਲੀ ਦੀ ਇਕ ਗੋਰੀ ਔਰਤ ਨੇ ਭਾਰਤ ਦੇ ਉੱਤਰਾਖੰਡ ਰਾਜ ਦੇ ਦੇਹਰਾਦੂਨ ਜ਼ਿਲ੍ਹੇ ਦੇ ਮਸੂਰੀਏ ਸ਼ਹਿਰ 'ਚ ਚੱਲ ਰਹੇ ਲੋੜਵੰਦ ਬੱਚਿਆਂ ਦੇ ਸਕੂਲ 'ਚ ਪੜ੍ਹ ਰਹੇ ਤਿਬਤੀਅਨ ਬੱਚੇ ਦੀ ਸਾਰੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਫੈਸਲਾ ਕੀਤਾ ਹੈ। ਇਸ ਸਕੂਲ ਦਾ ਪ੍ਰਬੰਧ ਦਲਾਈਲਾਮਾ ਦੀ ਦੇਖ ਰੇਖ ਵਿਚ ਚੱਲਦਾ ਹੈ। ਇਟਲੀ ਦੇ ਤਰੈਨਤੋ ਸ਼ਹਿਰ ਦੀ ਵਸਨੀਕ ਲਾਉਰਾ ਤਾਈਤ ਨਾਂਅ ਦੀ ਇਹ ਇਟਾਲੀਅਨ ਲੜਕੀ ਕੁੱਝ ਸਾਲ ਪਹਿਲਾਂ ਆਪਣੇ ਕਿਸੇ ਨਜਦੀਕੀ ਜਾਣਕਾਰ ਰਾਹੀਂ 'ਐਸੋਸੀਏਸ਼ਨ ਤਿਬਤੀਅਨ ਹੋਮ ਫਾਉਂਡੇਸ਼ਨ ਇਨ ਇੰਡੀਆ' ਦੇ ਸੰਪਰਕ 'ਚ ਆਈ ਸੀ, ਇਹ ਸੰਸਥਾ ਲੋੜਵੰਦ ਬੱਚਿਆਂ ਦੀ ਭਲਾਈ ਲਈ ਕਾਰਜ ਕਰਦੀ ਹੈ। ਇਸੇ ਪ੍ਰਕਾਰ ਲਾਉਰਾ ਤਾਈਤ ਨੇ ਵੀ ਸਮਾਜਿਕ ਭਲਾਈ ਦੇ ਮਨੋਰਥ ਨਾਲ ਤੇਨਸੀਨ ਚੋਏਨੀਓ ਨਾਂਅ ਦੇ ਬੱਚੇ ਨੂੰ 'ਅਡਾਪਟ' ਕਰਕੇ ਪਿਛਲੇ ਕੁੱਝ ਸਾਲਾਂ ਤੋਂ ਉਸ ਦੀ ਪੜ੍ਹਾਈ 'ਤੇ ਖਰਚ ਆਉਣ ਵਾਲੀ ਸਾਲਾਨਾ 30 ਹਜ਼ਾਰ ਰੁਪਏ ਦੀ ਰਾਸ਼ੀ ਇਟਲੀ ਤੋਂ ਬਕਾਇਦਾ ਆਪਣੀ ਨਿੱਜੀ ਆਮਦਨ ਵਿਚੋਂ ਭੇਜਣ ਦਾ ਮਹਾਨ ਕਾਰਜ ਜਾਰੀ ਰੱਖਿਆ ਹੋਇਆ ਹੈ। ਹੁਣ ਇਸ ਬੱਚੇ ਦੀ ਉਮਰ 13 ਸਾਲ ਦੇ ਕਰੀਬ ਹੋ ਗਈ ਹੈ ਅਤੇ ਉਹ 7ਵੀਂ ਕਲਾਸ 'ਚ ਪੜ੍ਹਦਾ ਹੈ। ਇਹ ਬੱਚਾ ਉਦੋਂ ਸਿਰਫ 6 ਸਾਲ ਦਾ ਸੀ ਜਦੋਂ ਉਹ ਚੀਨ ਦਾ ਬਾਰਡਰ ਟੱਪ ਕੇ ਔਖੇ ਰਸਤਿਆਂ ਤੋਂ ਹੁੰਦਿਆਂ ਹੋਇਆ ਯਤੀਮ ਹਾਲਤ 'ਚ ਰਫਿਊਜੀ ਬਣ ਕੇ ਤਿੱਬਤ ਤੋਂ ਭਾਰਤ ਪਹੁੰਚਿਆ ਸੀ। ਸਕੂਲ ਦੇ ਪ੍ਰਬੰਧਕਾਂ ਅਤੇ ਉਕਤ ਇਟਾਲੀਅਨ ਔਰਤ ਲਾਉਰਾ ਨੂੰ ਹਾਲੇ ਤੱਕ ਵੀ ਇਸ ਬੱਚੇ ਦੇ ਮਾਪਿਆਂ ਦਾ ਪਤਾ ਨਹੀ ਲੱਗ ਸਕਿਆ।



ਇਟਾਲੀਅਨ ਔਰਤ ਲਾਉਰਾ ਤਾਈਤ ਤੇ ਬੱਚਾ ਤੇਨਸੀਨ ਚੋਏਨੀਓ।

# ਪਾਕਿਸਤਾਨੀ ਆਲਰਾਊਂਡਰ ਮੁਹੰਮਦ ਹਫ਼ੀਜ਼ ਨੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਲਿਆ ਸੰਨਿਆਸ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਪਾਕਿਸਤਾਨ ਕ੍ਰਿਕਟ ਟੀਮ ਦੇ ਪ੍ਰਸਿੱਧ ਆਲਰਾਊਂਡਰ ਮੁਹੰਮਦ ਹਫੀਜ਼ ਨੇ ਇੰਟਰਨੈਸ਼ਨਲ ਕ੍ਰਿਕਟ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ। ਆਪਣੀ ਗੇਂਦਬਾਜ਼ੀ ਐਕਸ਼ਨ ਕਾਰਨ ਵਿਵਾਦਾਂ 'ਚ ਫਸੇ ਇਸ ਖਿਡਾਰੀ ਨੇ ਟੀ-20 ਵਿਸ਼ਵ ਕੱਪ ਤੋਂ ਬਾਅਦ ਸੰਨਿਆਸ ਲੈਣ ਦੀ ਗੱਲ ਕਹੀ ਸੀ। ਪਾਕਿਸਤਾਨ ਦੀ ਟੀਮ 'ਚ ਉਨ੍ਹਾਂ ਨੂੰ ਥਾਂ ਦਿੱਤੀ ਗਈ ਸੀ ਅਤੇ ਸੈਮੀਫਾਈਨਲ ਮੁਕਾਬਲਾ ਉਨ੍ਹਾਂ ਦੇ ਕੈਰੀਅਰ ਦਾ ਆਖ਼ਰੀ ਟੀ-20 ਮੈਚ ਬਣਿਆ। ਪਾਕਿਸਤਾਨ ਦੀ ਟੀਮ ਨੂੰ ਆਸਟ੍ਰੇਲੀਆ ਨੇ ਹਰਾ ਕੇ ਟੂਰਨਾਮੈਂਟ ਤੋਂ ਬਾਹਰ ਕੀਤਾ ਸੀ। 41 ਸਾਲਾ ਹਫੀਜ਼ ਨੇ 2003 ਵਿਚ ਬੰਗਲਾਦੇਸ਼ ਖਿਲਾਫ ਟੈਸਟ ਡੈਬਿਊ ਕੀਤਾ ਸੀ ਅਤੇ ਆਖਰੀ ਵਾਰ 2018 'ਚ ਨਿਊਜ਼ੀਲੈਂਡ ਖਿਲਾਫ ਇਸ ਫਾਰਮੈਟ ਵਿਚ ਖੇਡਿਆ ਸੀ। ਹਫੀਜ਼ ਨੇ 2003 'ਚ ਹੀ ਜ਼ਿੰਬਾਬਵੇ ਖਿਲਾਫ ਵਨਡੇ ਡੈਬਿਊ ਕੀਤਾ ਸੀ ਅਤੇ ਆਪਣਾ ਆਖਰੀ ਮੈਚ ਬੰਗਲਾਦੇਸ਼ ਖਿਲਾਫ 2019 ਵਿਚ ਖੇਡਿਆ ਸੀ। 2006 'ਚ ਇੰਗਲੈਂਡ ਖਿਲਾਫ ਪਹਿਲਾ ਟੀ-20 ਮੈਚ ਖੇਡਣ ਵਾਲੇ ਇਸ ਪਾਕਿਸਤਾਨੀ ਆਲਰਾਊਂਡਰ ਨੇ ਆਪਣੇ ਕੈਰੀਅਰ ਦਾ ਆਖਰੀ ਟੀ-20 ਮੈਚ 2021 ਵਿਸ਼ਵ ਕੱਪ ਸੈਮੀਫਾਈਨਲ 'ਚ ਆਸਟ੍ਰੇਲੀਆ ਖਿਲਾਫ ਖੇਡਿਆ ਸੀ। ਹਫੀਜ਼ ਨੇ ਪਾਕਿਸਤਾਨ ਲਈ 218 ਵਨਡੇ, 119 ਟੀ-20 ਅਤੇ 55 ਟੈਸਟ ਮੈਚ ਖੇਡੇ ਹਨ। ਉਸ ਨੇ ਵਨਡੇ 'ਚ 6614 ਦੌੜਾਂ ਬਣਾਈਆਂ ਜਿਸ ਵਿਚ 11 ਸੈਂਕੜੇ ਅਤੇ 38 ਅਰਧ ਸੈਂਕੜੇ ਸ਼ਾਮਲ ਹਨ। ਇਸ ਤੋਂ ਇਲਾਵਾ ਉਸ ਦੇ ਨਾਂਅ ਕੁੱਲ 139 ਵਨਡੇ ਵਿਕਟ ਵੀ ਹਨ।



# ਅਮਰੀਕਾ 'ਚ ਲਗਾਤਾਰ ਹੋ ਰਹੀਆਂ ਉਡਾਣਾਂ ਰੱਦ

ਵਾਸ਼ਿੰਗਟਨ, 3 ਜਨਵਰੀ (ਏਜੰਸੀ)- ਅਮਰੀਕਾ 'ਚ ਬੀਤੇ 24 ਘੰਟਿਆਂ ਦੌਰਾਨ ਵਿਆਪਕ ਪੱਧਰ 'ਤੇ 4000 ਤੋਂ ਜ਼ਿਆਦਾ ਉਡਾਣਾਂ ਰੱਦ ਹੋ ਗਈਆਂ ਹਨ, ਕਿਉਂਕਿ ਦੇਸ਼ 'ਚ ਓਮੀਕਰੋਨ ਦੇ ਮਾਮਲੇ ਵੱਧ ਰਹੇ ਹਨ। ਸੂਤਰਾਂ ਅਨੁਸਾਰ ਐਤਵਾਰ ਦੁਪਹਿਰ ਤੱਕ 4020 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ, ਜਿਨ੍ਹਾਂ 'ਚੋਂ 2393 ਅਮਰੀਕਾ 'ਚ ਰੱਦ ਹੋਈਆਂ। ਐਤਵਾਰ ਨੂੰ ਹੋਰ 4519 ਅਮਰੀਕੀ ਉਡਾਨਾਂ 'ਚ ਦੇਰੀ ਹੋਈ। ਸੂਤਰਾਂ ਅਨੁਸਾਰ ਇਸ ਹਫਤੇ ਦੇ ਅੰਤ ਤੱਕ ਕੁੱਲ 4700 ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ। ਫੋਰਬਸ ਦੀ ਰਿਪੋਰਟ ਅਨੁਸਾਰ ਇਸ ਮੁਅੱਤਲੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹਵਾਈ ਅੱਡਾ ਸ਼ਿਕਾਗੋ ਓਹਾਰੇ ਹੈ, ਜਿੱਥੇ 273 ਉਡਾਣਾਂ ਰੱਦ ਹੋਈਆਂ। ਦੇਸ਼ ਭਰ 'ਚ ਬਰਫ਼ੀਲੇ ਤੂਫਾਨ, ਠੰਢ ਤੇ ਖਰਾਬ ਮੌਸਮ ਨੇ ਵੀ ਉਡਾਣਾਂ ਨੂੰ ਨਿਰਧਾਰਿਤ ਸਮੇਂ 'ਤੇ ਚੱਲਣ ਤੋਂ ਰੋਕ ਕੇ ਏਅਰਲਾਈਨਜ਼ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ।

# ਟੋਨੀ ਬਲੇਅਰ ਨੂੰ ਨਾਈਟਹੁੱਡ ਦੇਣ ਦੇ ਮੁੱਦੇ 'ਤੇ ਸੰਸਦ 'ਚ ਹੋਵੇਗੀ ਬਹਿਸ

ਲੰਡਨ, 3 ਜਨਵਰੀ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਮਹਾਰਾਣੀ ਵਲੋਂ ਨਾਈਟਹੁੱਡ ਦੀ ਉਪਾਧੀ ਦੇਣ ਦੇ ਮਾਮਲੇ 'ਤੇ ਬਹਿਸ ਤਿੱਖੀ ਹੁੰਦੀ ਜਾ ਰਹੀ ਹੈ। ਸ਼ਾਹੀ ਸਨਮਾਨ ਦੇਣ ਦਾ ਵਿਰੋਧ ਕਰਨ ਵਾਲਿਆਂ ਗਿਣਤੀ 'ਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਖ਼ਬਰ ਲਿਖਣ ਤੱਕ 4 ਲੱਖ 20 ਹਜ਼ਾਰ ਦੇ ਕਰੀਬ ਲੋਕ ਉਕਤ ਪਟੀਸ਼ਨ 'ਤੇ ਦਸਤਖ਼ਤ ਕਰ ਚੁੱਕੇ ਹਨ। ਹੁਣ ਇਸ ਮਾਮਲੇ 'ਤੇ ਬਰਤਾਨੀਆਂ ਦੀ ਸੰਸਦ 'ਚ ਬਹਿਸ ਹੋਵੇਗੀ। ਇਰਾਕ ਯੁੱਧ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਵੀ ਹੁਣ ਇਸ ਪਟੀਸ਼ਨ ਦੀ ਹਮਾਇਤ 'ਤੇ ਆ ਗਏ ਹਨ। ਨਵੇਂ ਸਾਲ ਦੇ ਸ਼ਾਹੀ ਸਨਮਾਨਾਂ 'ਚ ਵਿਰੋਧ ਦਾ ਸਾਹਮਣਾ ਕਰ ਰਹੇ ਲੇਬਰ ਪਾਰਟੀ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਇੱਕੋ ਇੱਕ ਅਜਿਹੀ ਸਖਸ਼ੀਅਤ ਹਨ ਜਿਨ੍ਹਾਂ ਨੇ ਤਿੰਨ ਸੰਸਦੀ ਚੋਣਾਂ 'ਚ ਪਾਰਟੀ ਦੀ ਅਗਵਾਈ ਕੀਤੀ ਅਤੇ ਜਿੱਤ ਹਾਸਿਲ ਕੀਤੀ। 68 ਸਾਲਾ ਬਲੇਅਰ ਦਾ ਲੰਮੇ ਸਮੇਂ ਤੋਂ ਅਫਗਾਨਿਸਤਾਨ ਅਤੇ ਇਰਾਕ 'ਚ ਫੌਜਾਂ ਭੇਜਣ ਦੇ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ, 2016 ਵਿਚ ਸਰ ਜੌਹਨ ਚਿਲਕੋਟ ਦੀ ਰਿਪੋਰਟ 'ਚ ਕਿਹਾ ਗਿਆ ਸੀ ਕਿ ਸਦਾਮ ਹੁਸੈਨ ਦੇ ਸਮੂਹਿਕ ਤਬਾਹਕੁੰਨ ਹਥਿਆਰਾਂ ਬਾਰੇ ਵਧਾ ਚੜ੍ਹਾਅ ਕੇ ਕਿਹਾ ਗਿਆ ਸੀ। ਇਸ ਯੁੱਧ ਦੌਰਾਨ ਇਰਾਕ ਵਿਚ 179 ਸਿਪਾਹੀ ਅਤੇ ਰੱਖਿਆ ਮੰਤਰਾਲੇ ਦੇ ਲੋਕ, ਜਦ ਕਿ ਅਫਗਾਨਿਸਤਾਨ ਵਿਚ 457 ਲੋਕ ਮਾਰੇ ਗਏ। 20 ਸਾਲ ਬਾਅਦ ਅਫਗਾਨਿਸਤਾਨ 'ਚੋਂ ਫੌਜਾਂ ਹਟਾਉਣ ਬਾਅਦ ਮੁੜ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ, ਜਿਸ ਤੋਂ ਬਾਅਦ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਬਿਨਾਂ ਕਿਸੇ ਪ੍ਰਾਪਤੀ ਦੇ ਖੋਹਿਆ ਹੈ। ਇਰਾਕ ਯੁੱਧ ਮੌਕੇ ਵੀ ਲੰਡਨ ਵਿਚ ਲੋਕਾਂ ਵੱਲੋਂ ਭਾਰੀ ਰੋਸ ਪ੍ਰਦਰਸ਼ਨ ਕੀਤੇ ਗਏ ਸਨ।



# ਯਾਤਰੀਆਂ ਲਈ ਅਗਾਊਂ ਪੀ.ਸੀ.ਆਰ. ਟੈਸਟ ਤੋਂ ਛੋਟ ਦੇਣ 'ਤੇ ਵਿਚਾਰ ਕਰ ਰਿਹੈ ਇੰਗਲੈਂਡ

ਲੰਡਨ, 3 ਜਨਵਰੀ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਇੰਗਲੈਂਡ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਨੂੰ ਅਗਾਊਂ ਪੀ. ਸੀ. ਆਰ. ਟੈਸਟ ਕਰਵਾਉਣ ਤੋਂ ਛੋਟ ਦੇਣ 'ਤੇ ਸਰਕਾਰ ਵਲੋਂ ਵਿਚਾਰ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਸਰਕਾਰ ਵਲੋਂ ਇਹ ਫੈਸਲਾ ਇਸੇ ਹਫਤੇ ਦੌਰਾਨ ਲਿਆ ਜਾ ਸਕਦਾ ਹੈ, ਕਿਉਂਕਿ ਮਾਹਿਰਾਂ ਅਨੁਸਾਰ ਪੂਰੀ ਤਰ੍ਹਾਂ ਟੀਕਾਰਕਰਨ ਕਰਵਾ ਚੁੱਕੇ ਲੋਕਾਂ ਲਈ ਓਮੀਕਰੋਨ ਵੇਰੀਐਂਟ ਘਾਤਕ ਨਹੀਂ ਹੈ। ਭਾਵੇਂ ਯੂ.ਕੇ. ਵਿਚ ਕੋਰੋਨਾ ਵਾਇਰਸ ਦੇ ਰੋਜ਼ਾਨਾ ਮਾਮਲੇ ਲੱਖ ਤੋਂ ਵੱਧ ਸਾਹਮਣੇ ਆ ਰਹੇ ਹਨ, ਪਰ ਇਸੇ ਦੌਰਾਨ ਸਰਕਾਰ ਨੇ ਕਿਹਾ ਹੈ ਕਿ ਅਜੇ ਹੋਰ ਪਾਬੰਦੀਆਂ ਲਗਾਉਣ ਦਾ ਕੋਈ ਇਰਾਦਾ ਨਹੀਂ। ਇੰਗਲੈਂਡ ਦਾਖਿਲ ਹੋਣ ਵਾਲੇ ਯਾਤਰੀਆਂ ਨੂੰ ਦੋ ਦਿਨ ਪਹਿਲਾਂ ਇਕ ਟੈਸਟ ਅਤੇ ਇੰਗਲੈਂਡ ਵਿਚ ਇਕ ਪੀ. ਸੀ. ਆਰ. ਟੈਸਟ ਬੁੱਕ ਕਰਵਾਉਣ ਦੇ ਨਾਲ ਨਾਲ ਯਾਤਰੀ ਵਲੋਂ ਲੁਕੇਟਰ ਫਾਰਮ ਭਰਨਾ ਲਾਜ਼ਮੀ ਹੈ। ਇੰਗਲੈਂਡ ਪਹੁੰਚਣ 'ਤੇ ਦੋ ਦਿਨਾਂ 'ਚ ਪੀ. ਸੀ. ਆਰ. ਟੈਸਟ ਅਤੇ ਘਰ 'ਚ ਇਕਾਂਤਵਾਸ ਕਰਨਾ ਲਾਜ਼ਮੀ ਹੈ। ਸਰਕਾਰ ਵਲੋਂ ਨੌਕਰੀਆਂ ਬਚਾਉਣ ਲਈ ਹੁਣ ਅਗਾਊਂ ਅਤੇ ਦੂਜੇ ਦਿਨ ਦੇ ਪੀ. ਸੀ. ਆਰ. ਟੈਸਟ ਤੋਂ ਛੋਟ ਦੇਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸਰਕਾਰ ਅਨੁਸਾਰ ਇੰਗਲੈਂਡ ਪਹੁੰਚਣ 'ਤੇ ਕੀਤਾ ਜਾਣ ਵਾਲਾ ਫਲੋਅ ਟੈਸਟ ਹੀ ਪਤਾ ਲਗਾਉਣ ਲਈ ਕਾਫੀ ਹੈ।


## ਵਾਇਰਸ ਤੋਂ ਸੰਕ੍ਰਮਣ ਦੀ ਚਿੰਤਾ

ਜੌਲੀ ਤੁਲਸੀ 51 ਡ੍ਰਾਪਸ ਦਾ ਰੋਜ਼ਾਨਾ ਇਸਤੇਮਾਲ ਪੂਰੇ ਪਰਿਵਾਰ ਨੂੰ ਸੈਂਕੜੇ ਬਿਮਾਰੀਆਂ,ਵਾਇਰਸ ਤੋਂ ਬਚਾਉਣ ਵਿੱਚ ਬਹੁਤ ਮੱਦਦਗਾਰ ਹੈ। ਜੌਲੀ ਤੁਲਸੀ 51 ਡ੍ਰਾਪਸ ਵਿੱਚ ਐਂਟੀ ਵਾਇਰਸ, ਐਂਟੀ ਬੈਕਟੀਰੀਅਲ, ਐਂਟੀ ਆਕਸੀਡੈਂਟ, ਐਂਟੀ ਸੈਪਟਿਕ ਅਤੇ ਐਂਟੀ ਏਜ਼ਿੰਗ ਗੁਣ ਹੈ। ਇਹ ਰੋਗਾਂ ਤੋਂ ਲੜਣ ਦੀ ਤਾਕਤ ਨੂੰ ਵਧਾਉਣ ਅਤੇ ਜ਼ਹਿਰੀਲੇ ਪਦਾਰਥਾਂ (Toxins) ਨੂੰ ਸ਼ਰੀਰ ਤੋਂ ਬਾਹਰ ਕਢੱਣ (Detox) ਦੇ ਲਈ ਕਲੀਨੀਕਲੀ ਟੈਸਟਡ ਅਤੇ ਪ੍ਰਮਾਣਿਤ ਹੈ।

5 ਤਰ੍ਹਾਂ ਦੀਆਂ ਤੁਲਸੀਆਂ ਤੋਂ ਬਹੁਤ ਹੀ ਖਾਸ ਵਿਧੀ ਨਾਲ ਤਿਆਰ ਅਰਕ

ਪੇਟ ਗੈਸ, ਜਲਨ
ਬਦਹਜ਼ਮੀ
ਕਬਜ਼
ਕਿਲ, ਮੁਹਾਂਸੇ
ਜੀਭ ਦੇ ਛਾਲੇ
ਝੜਦੇ ਵਾਲ
ਛਾਈਆਂ ਅਤੇ ਝੁਰੜੀਆਂ
ਸੁੰਨ ਹੋਣਾ




ਐਲਰਜੀ
ਚਮੜੀ ਰੋਗ
ਖਾਂਸੀ, ਰੇਸ਼ਾ
ਸਾਹ ਰੋਗ
ਕਮਜ਼ੋਰੀ
ਚੱਕਰ ਆਉਣਾ
ਧਿਆਨ ਲਗਾਉਣ ਵਿਚ ਪਰੇਸ਼ਾਨੀ
ਥਕਾਨ ਵਿਚ ਅਸਰਕਾਰਕ

CLINICALLY TESTED

JOLLY ਤੁਲਸੀ 51 ਡ੍ਰੱਪਸ

ਲੈਬ ਪ੍ਰਮਾਣਿਤ ਇਮਿਊਨਿਟੀ ਵਰਧਕ ਅਤੇ ਡਿਟੋਕਸੀਫਾਈਰ

✓ ਸਾਲਾਂ ਪੁਰਾਣਾ ਅਤੇ ਭਰੋਸੇਮੰਦ ਪ੍ਰੋਡਕਟ ✓ ਕਰੋੜਾਂ ਸੰਤੁਸ਼ਟ ਗ੍ਰਾਹਕ

ਹਰ ਮੈਡੀਕਲ ਸਟੋਰ ਤੇ ਮਿਲਦਾ ਹੈ Helpline: 0161-520-1544



65 ਸਾਲਾਂ ਦਾ ਭਰੋਸਾ




B.C. HASARAM & SONS
ayurvedic pharmacy

1957 ਤੋਂ ਦਰਦ 'ਤੇ ਸਭ ਤੋਂ ਜ਼ਿਆਦਾ ਅਸਰਦਾਰ

## ਕੇਸਰੀ® ਮਰਹਮ ਤੇ ਤੈਲਮ

ਹਰਿਦੁਆਰ 'ਚ ਤਿਆਰ ਵਿਸ਼ਵ ਪ੍ਰਸਿੱਧ

ਕੇਸਰੀ ਮਰਹਮ ਤੇ ਤੈਲਮ 80 ਤਰ੍ਹਾਂ ਦੇ ਵਾਤ ਰੋਗਾਂ ਅਤੇ ਸਾਰੇ ਤਰ੍ਹਾਂ ਦੇ ਸਰੀਰਕ ਦਰਦਾਂ 'ਚ ਉਪਯੋਗੀ ਤੇ ਅਸਰਦਾਰ ਹੈ।

NO SIDE EFFECTS

100% AYURVEDIC

ਦਮਦਾਰ ਤੇ ਅਸਰਦਾਰ




FOR EXTERNAL USE ONLY



ਗਰਦਨ ਦਾ ਦਰਦ ਗੋਡੇ ਦਾ ਦਰਦ ਪਿੱਠ ਦਾ ਦਰਦ ਮੋਡੇ ਦਾ ਦਰਦ ਕਮਰ ਦਾ ਦਰਦ

Also available on : amazon Flipkart SHOP NOW

Super Stockist Punjab & Chandigarh: Lucky Enterprises, Ludhiana : 9814101040,7253000040

Abohar : 9417514825, Amritsar : 9780414240, Barnala : 9815143319, Batala : 9814782661, Bathinda :8360238335, Dhuri : 9872266646, Ferozepur : 9417380555, Gurdaspur : 9888518264, Hoshiarpur : 9780880966, Jalandhar : 9815200866, Kapurthala : 9814922140, Khanna : 9988343000, Kharar : 9988389896, Ludhiana: 5034610, 5011600, Malerkotla : 9464537550, Mansa : 9872502391, Moga : 9041478192, Mohali : 9779051117, Morinda : 9872723954, Nabha : 9815251507, Pathankot : 9814133798, Patiala : 9888941352, Rajpura : 9872213317, Ropar : 8427010461, Samana : 7009023511, Sangrur : 9463559867, Sunam : 9814921184, Tarantaran : 9256156672, Chandigarh: 0172-2615360, 5076046.

Customer Helpline : +91 70373-74184, 72172-66778 www.haridwarayurved.com